
# ਜਵਾਨ ਨੂੰ

ਪਰਬਤਾਂ ਤੋਂ ਉੱਚੀਆਂ, ਹੋਈਆਂ ਨੀ ਸ਼ਾਨਾਂ ਤੇਰੀਆਂ।
ਸੂਰਮੇਂ! ਗਾਵੇ ਪਿਆ ਵਾਰਾਂ ਜ਼ਮਾਨਾਂ ਤੇਰੀਆਂ।
ਤੇਰੀਆਂ ਬਾਹਵਾਂ 'ਚ ਬਲ ਹੈ, ਸਮਝ ਅੱਸੀ ਕਰੋੜ ਦਾ,
ਦੇਸ਼ ਦੀ ਤੂੰ ਜਾਨ ਹੈਂ, ਸਭ ਜਾਣ ਜਾਨਾਂ ਤੇਰੀਆਂ।
ਅਣਖ, ਇੱਜ਼ਤ, ਮਾਣ ਦੇ ਮੋਢੀ ਸਜੀਲੇ ਰਾਖਿਆ,
ਵਣ ਗਈਆਂ ਵੈਰੀ ਲਈ, ਅਬਰੂ ਕਮਾਨਾਂ ਤੇਰੀਆਂ।
ਛਾਤੀਆਂ ਵਿਚ ਛੇਕ ਪਾ ਦਿੱਤੇ ਨੇ ਮਿਲਵੇਂ ਨਾਹਰਿਆਂ,
ਸਭ ਆਵਾਜ਼ਾਂ ਤੇਰੀਆਂ, ਇਹ ਸਭ ਜ਼ਬਾਨਾਂ ਤੇਰੀਆਂ।
ਪੋਸਤੀ ਦਾ ਜਾਗਣਾ ਇਕ ਆਰਜ਼ੀ ਜੇਹੀ ਬਾਤ ਹੈ,
ਉਸ ਨੇ ਸੌਂ ਜਾਣਾ ਹੈ ਸੁਣ ਕੇ ਦਾਸਤਾਨਾਂ ਤੇਰੀਆਂ।
ਤੇਰੀ ਪਰਤਿੱਗਿਆ, ਇਰਾਦਾ, ਹੌਸਲਾ ਤੇਰਾ ਅਟੱਲ,
ਸਿਫ਼ਤਾਂ ਨਾ ਐਵੇਂ ਕਰ ਰਿਹਾ ਅਪਣਾ-ਬੇਗਾਨਾ ਤੇਰੀਆਂ।
ਇਕ ਹੀ ਕੇਂਦਰ 'ਤੇ ਹੋਈਆਂ ਸਭ ਅਸੀਸਾਂ ਕੱਠੀਆਂ,
ਦੇਸ਼ ਸਾਰਾ ਮੰਗ ਰਿਹਾ ਖ਼ੈਰਾਂ, ਜਵਾਨਾ! ਤੇਰੀਆਂ।

(1962)



# ਵਤਨ ਦੇ ਸ਼ਹੀਦ

ਦੇਸ਼ ਦਾ ਚਾਨਣ ਜਗਦੇ ਦੀਵੇ,
ਮਰੇ ਨਹੀਂ, ਉਹ ਜਾਣੋ ਜੀਵੇ।
ਮੰਨੇ ਜਾਣ ਬਹਾਦਰ ਬੀਰ,
ਵਤਨ ਲਈ ਜੋ ਲਾਣ ਸਰੀਰ।
ਭਗਤ ਸਿੰਘ ਨੇ ਜਿੰਦੜੀ ਲਾਈ,
ਕਰਦੀ ਉਸ ਨੂੰ ਯਾਦ ਲੁਕਾਈ।
ਜਸ ਕਰਦਾ ਉਸ ਦਾ ਜਗ ਸਾਰਾ,
ਚਮਕ ਰਿਹਾ ਮਾਨੋ ਧ੍ਰੂ ਤਾਰਾ।
ਜਿਹੜਾ ਕੰਮ ਜਨਤਾ ਦੇ ਆਵੇ,
ਲੋੜ ਪਵੇ ਤਾਂ ਜਾਨ ਘੁਮਾਵੇ।
ਸਿਰ ਤੇ ਉਸ ਨੂੰ ਚੁਕਦੀ ਜਨਤਾ,
ਆਗੂ ਨੇਤਾ, ਉਹ ਪਤਵੰਤਾ।
ਸੇਵਾ ਵਿਚ ਰਹਿੰਦਾ ਗ਼ਲਤਾਨ,
ਦੇਵੇ ਜਾਨ ਚੜ੍ਹੇ ਪਰਵਾਨ।
ਸੁਆਸਾਂ ਬਦਲੇ ਮਿਲੀ ਰਸੀਦ,
ਹਰ ਇਕ ਰਸਨਾ ਕਹੇ ਸ਼ਹੀਦ।
ਰਾਜੇ ਸ਼ਾਹ ਮੁਕੱਦਮ ਮਰ ਗਏ,
ਕੋਈ ਨ ਜਾਣੇ ਕੌਣ ਕਿਧਰ ਗਏ।
ਮਰ ਕੇ ਵੀ ਜਿਹੜੇ ਨਹੀਂ ਮੋਏ,
ਉਹੀ ਸ਼ਹੀਦ ਵਤਨ ਦੇ ਹੋਏ।



# ਨਾਲ ਮੁਸਾਫ਼ਰ ਪਿਆਰ ਕੋਈ ਕਰੇ ਕਿਉਂ

ਦੁਨੀਆ ਹੈ ਇਕ ਦਰਦ ਕਹਾਣੀ,
ਜਿਸ ਨੇ ਆਪਣੀ ਸਿਰਫ਼ ਸੁਣਾਣੀ,
ਉਸ ਦੀ ਗੱਲ ਤੇ ਕੰਨ ਕੋਈ ਧਰੇ ਕਿਉਂ,

ਨਾਲ ਮੁਸਾਫ਼ਰ ਪਿਆਰ ਕੋਈ ਕਰੇ ਕਿਉਂ!

ਜਗ ਰੀਤੀ ਦੇਣਾ ਕੁਝ ਲੈਣਾ,
ਜਿਸ ਸੌਦੇ ਵਿਚ ਦੇਣਾ, ਦੇਣਾ
ਘਾਟੇ ਦਾ ਵਿਵਹਾਰ ਕੋਈ ਕਰੇ ਕਿਉਂ!

ਨਾਲ ਮੁਸਾਫ਼ਰ ਪਿਆਰ ਕੋਈ ਕਰੇ ਕਿਉਂ!

ਦੁਖ ਸੁਖ ਲਹਿਰਾ ਨਾਲ ਥਪੇੜੀ,
ਸਦਾ ਭੰਵਰ ਵਿਚ ਜਿਸ ਬੇੜੀ,
ਫੜ ਕੇ ਉਸ ਦੀ ਬਾਂਹ ਕੋਈ ਤਰੇ ਕਿਉਂ,

ਨਾਲ ਮੁਸਾਫ਼ਰ ਪਿਆਰ ਕੋਈ ਕਰੇ ਕਿਉਂ!

ਭਵ-ਸਾਗਰ ਦਾ ਦੂਰ ਕਿਨਾਰਾ,
ਦੇ ਦਿਤਾ ਕਿਸੇ ਰਤਾ ਸਹਾਰਾ,
ਡੁਬਦੇ ਦੇ ਸੰਗ ਡੁਬ ਕੇ ਕੋਈ ਮਰੇ ਕਿਉਂ

ਨਾਲ ਮੁਸਾਫ਼ਰ ਪਿਆਰ ਕੋਈ ਕਰੇ ਕਿਉਂ!

ਬਿਨ ਆਸਾਂ ਕੁਝ ਪਾਸ ਨਾ ਜਿਸ ਦੇ,
ਮਿਤ੍ਰਾਂ ਨੂੰ ਕੋਈ ਆਸ ਨਾ ਜਿਸ ਤੇ,
ਵੈਰੀ ਉਸ ਪਾਸੋਂ ਕੋਈ ਡਰੇ ਕਿਉਂ,

ਨਾਲ ਮੁਸਾਫ਼ਰ ਪਿਆਰ ਕੋਈ ਕਰੇ ਕਿਉਂ!

ਤੰਗ-ਦਸਤੀ, ਬੰਦਸ਼, ਮਜਬੂਰੀ,
ਝੁੱਗੇ ਵਿਚ ਜਿਸ ਦੇ ਇਹ ਮੂੜੀ,
ਹਾਮੀ ਉਸ ਦੀ ਭੁਲ ਕੇ ਕੋਈ ਭਰੇ ਕਿਉਂ,

ਨਾਲ ਮੁਸਾਫ਼ਰ ਪਿਆਰ ਕੋਈ ਕਰੇ ਕਿਉਂ!

ਹੰਝੂਆਂ ਦੇ ਮੋਤੀ ਪਏ ਡੁਲ੍ਹਣ,
ਅਸਲਾਂ ਸਾਵੇਂ ਕਿੰਜ ਉਹ ਤੁੱਲਣ,
ਲੈ ਕੇ ਕੋਈ ਬਨੌਟੀ ਦੇਵੇ ਖਰੇ ਕਿਉਂ,

ਨਾਲ ਮੁਸਾਫ਼ਰ ਪਿਆਰ ਕੋਈ ਕਰੇ ਕਿਉਂ!


ਦੁਖ ਸੁਖ ਦੀ ਕਰ ਦਏ ਭਿਆਲੀ,
ਐਸੀ ਹੈ ਇਹ ਪਿਆਰ ਪੰਜਾਲੀ,
ਜੁਤ ਕੇ ਮਾੜੇ ਨਾਲ ਕੋਈ ਮਰੇ ਕਿਉਂ,

ਨਾਲ ਮੁਸਾਫ਼ਰ ਪਿਆਰ ਕੋਈ ਕਰੇ ਕਿਉਂ!

ਗਿਲਿਆਂ ਨੇ ਸੀ ਜਾਨ ਤਪਾਈ,
ਸੁਝ ਪਈ ਅਪਣੀ ਮੂਰਖਤਾਈ,
ਕੀਤਾ ਤੇਰਾ ਦੂਜਾ ਕੋਈ ਭਰੇ ਕਿਉਂ,

ਨਾਲ ਮੁਸਾਫ਼ਰ ਪਿਆਰ ਕੋਈ ਕਰੇ ਕਿਉਂ!

ਰਾਵਲਪਿੰਡੀ ਜੇਲ੍ਹ
9-5-41



# ਸਰਕਾਰ ਬਦਲੇ

ਇਕ ਦੇ ਲਾਭ ਅੰਦਰ ਹਾਨੀ ਦੂਸਰੇ ਦੀ,
ਖੇੜਾ ਇਧਰ ਤਾਂ ਉਧਰ ਬਹਾਲ ਬਦਲੇ।
ਸਾਰੇ ਸਾਜ ਜੇ ਕਰ ਇਧਰ ਸੁਰ ਹੋਵਣ,
ਉਧਰ ਪਲਕ ਵਿਚ ਤਾਰ ਸਿਤਾਰ ਬਦਲੇ।
ਕਦਮ ਮੇਲ ਕੇ ਜੇ ਸਾਰੇ ਤੁਰਨ ਇਧਰ,
ਉਧਰ ਆਪਣੇ ਆਪ ਰਫਤਾਰ ਬਦਲੇ,
ਪੈਂਦਾ ਬਦਲਣਾ ਰੁਖ ਸ਼ਿਕਾਰੀਆਂ ਨੂੰ,
ਜੇਕਰ ਪੈਂਤੜਾ ਜ਼ਰਾ ਸ਼ਿਕਾਰ ਬਦਲੇ।

ਬਦਲ ਜਾਣ ਅੰਦਾਜ਼ ਹੁਸੀਨ ਵਾਲੇ,
ਆਸ਼ਕ ਅਖੰ ਜੇਕਰ 'ਵਫਾਦਾਰ' ਬਦਲੇ।
ਇਕ ਜ਼ਬਾਨ ਹੋ ਰਈਅਤ ਜੇ ਬਦਲ ਜਾਵੇ,
ਨਹੀਂ ਕੋਈ ਵਜ੍ਹਾ ਨਾ ਫੇਰ ਸਰਕਾਰ ਬਦਲੇ।

ਕਾਲੇ ਦਿਲ ਬੇ-ਚਾਨਣੇ ਬੁਝੇ ਦੀਵੇ,
ਭੁਲਿਆ ਫਿਰੇ ਜੋ ਫਿਰੇ ਨੁਹਾਰ ਬਦਲੇ।
ਅਣਖ ਆਣ ਆਜ਼ਾਦੀ ਤੇ ਸ਼ਾਨ ਦੇਣੀ,
ਸੌਦਾ ਬੜਾ ਮਹਿੰਗਾ ਇਸ ਪਿਆਰ ਬਦਲੇ।

ਢੋਆ ਅਗੋਂ ਸ਼ਹੀਦਾਂ ਨੇ ਪੁੱਲ ਤਾਰੇ,
ਗਲਾ-ਘੁਟਣੀ ਦਾਰ ਪੁਰ ਖ਼ਾਰ ਬਦਲੇ
ਜੀਂਦੇ ਮਰਣ ਜੋਗੋਂ ਮਰ ਗਏ ਜੀਣ ਜੋਗੇ,
ਚਿਤ੍ਰ-ਗੁਪਤ ਬਦਲੇ, ਚਿਤ੍ਰਕਾਰ ਬਦਲੇ।
ਹਾਜ਼ਿਰ ਜਾਨ, ਜੇ ਕਰੇ ਇਕਰਾਰ ਖੁਲ੍ਹ ਦਾ,
ਚਿਤਾ ਨਕਦ ਨਾ ਕਿਸੇ ਉਧਾਰ ਬਦਲੇ।
ਕੈਦ, ਕਾਲ, ਕੰਗਾਲੀ ਤੇ ਦੁਖ ਜਗ ਦੇ,
ਸਾਰੇ ਝੱਲੇ ਨੇ ਏਸ ਸਰਕਾਰ ਬਦਲੇ।


ਇਹਦੇ ਕੋਰੇ ਇਨਸਾਫ਼ ਦੀ ਤਕੜੀ ਤੇ
ਅਸਾਂ ਰਖੇ ਸੀ ਮੋਤੀ ਜਵਾਹਰ ਬਦਲੇ।
ਕਦਰ ਦਾਨ ਬਾਝੋਂ ਕੌਣ ਕਦਰ ਕਰਦਾ?
ਬਦਲੇ ਪਾਰਖੂ ਨੀਤ ਬੁਰਿਆਰ ਬਦਲੇ।

ਗਾਂਧੀ ਪਾਸੋਂ ਨਾ ਆਉਂਦੀ ਮਹਿਕ ਜਿਸ ਨੂੰ,
ਉਹਦੇ ਨੱਕ ਨੂੰ ਕੇਹੜੀ ਮੁਹਾਰ ਬਦਲੇ?
ਨੀਤਾਂ ਰੂਪ ਡਰਾਉਣੇ ਧਾਰ ਦਿਤੀਆਂ,
ਜਦੋਂ ਆਪਣੇ ਨੇ ਤਰਫ਼ਦਾਰ ਬਦਲੇ।

ਛੇਤੀ ਡੋਰ ਫਰੇਬ ਦੀ ਟੁਟ ਜਾਣੀ,
ਪੇਚਦਾਰ ਮਿਲਿਆ ਪੇਚਦਾਰ ਬਦਲੇ।
ਕੋਈ ਜਿਸ ਤਰ੍ਹਾਂ ਕਿਸੇ ਦੇ ਨਾਲ ਵਰਤੇ,
ਉਸੇ ਤਰ੍ਹਾਂ ਮੁਕਦੇ ਆਖ਼ਰਕਾਰ ਬਦਲੇ।
ਥੋੜੇ ਦਿਨਾਂ ਦੇ ਵਿਚ ਸੰਸਾਰ ਤਕਸੀ,
ਸਾਵੇਂ ਦਿਸਣਗੇ ਪਾਰ ਉਰਾਰ ਬਦਲੇ।
ਬਦਲੇ ਕੋਈ ਬਦਲੇ ਭਾਵੇਂ ਨਾ ਬਦਲੇ
ਸਾਡੇ ਦੇਸ ਵਿਚ, ਸਾਡੀ *ਸਰਕਾਰ ਬਦਲੇ।

ਰਾਵਲਪਿੰਡੀ ਜੇਲ

8-6-41



# ਮੇਰਾ ਦੇਸ਼


ਚੌੜਾ, ਸਾਦਾ ਬੀਰਾਂ ਵਾਲਾ
ਗੁਰੂਆਂ ਵਾਲਾ, ਪੀਰਾਂ ਵਾਲਾ
ਆਸ਼ਕ ਮਸਤ ਫ਼ਕੀਰਾਂ ਵਾਲਾ
ਰਾਂਝਿਆਂ ਵਾਲਾ, ਹੀਰਾਂ ਵਾਲਾ

ਨਦੀਆਂ, ਸੋਹਣਿਆਂ ਨੀਰਾਂ ਵਾਲਾ
ਜੰਨਤ ਜਹੇ ਕਸ਼ਮੀਰਾਂ ਵਾਲਾ
ਵਿਚ ਵਲੈਤੀਂ ਧੁਮੀਆਂ ਪਈਆਂ,
ਗੱਲਾਂ ਮੇਰੇ ਦੇਸ਼ ਦੀਆਂ।

ਭਰ-ਜੋਬਨ ਮੁਟਿਆਰਾਂ ਕੁੜੀਆਂ
ਸ਼ਰਮ ਹਯਾ ਦੀਆਂ ਬੱਝੀਆਂ ਪੁੜੀਆਂ
ਜੀਵੇ ਮਾਹੀਆ ਮੈਂ ਮਰ ਜਾਵਾਂ
ਸੋਹਣੀਆਂ ਸੋਹਣੀਆਂ ਤਰਨ ਝਨਾਵਾਂ
ਕੁੰਢੀਆਂ ਬੂਰੀਆਂ, ਲਾਖੀਆਂ ਗਾਵਾਂ
ਜੰਗਲ ਬੇਲੇ ਘਣੀਆਂ ਛਾਵਾਂ
ਬਾਗ਼ਾਂ ਨੂੰ ਪਿੱਛੇ ਸੁਟ ਗਈਆਂ
ਹੱਲਾਂ, ਮੇਰੇ ਦੇਸ਼ ਦੀਆਂ।

ਕਣਕਾਂ, ਛੋਲੇ, ਮੁੰਜੀਆਂ ਝੋਨਾ
ਖਾਵਣ ਲੋਹਾ ਉਗਲਨ ਸੋਨਾ
ਕਾਠ-ਕਮਾਦਾਂ, ਫੁਟੀਆਂ ਛੱਲੀਆਂ
ਨਿਰੀਆਂ ਨੇ ਚਾਂਦੀ ਦੀਆਂ ਡਲੀਆਂ
ਜੱਟ ਦੇ ਮੁੜ੍ਹਕੇ ਵਿਚ ਤਾਸੀਰਾਂ
ਮਿੱਟੀ ਮਾਤ ਕਰੇ ਅਕਸੀਰਾਂ
ਲਾ ਦੇਵਣ ਰਿਜ਼ਕੇ ਦੀਆਂ ਥਹੀਆਂ
ਹੱਲਾਂ ਮੇਰੇ ਦੇਸ਼ ਦੀਆਂ।

ਆਖਣ ਦੀ ਦਿਲ ਸ਼ੇਰਾ ਬਲ੍ਹਿਆ
ਜ਼ੋਰ ਨਾ ਜਾਵੇ ਬਸ ਫਿਰ ਝਲਿਆ
ਜੀਂਵਦਿਆਂ ਤਾਂ ਜਾਨਾਂ ਲਾਵਣ
ਮੁਰਦੇ ਵੀ ਬੇ-ਅਰਥ ਨ ਜਾਵਣ
ਛਾਤੀ ਤੇ ਲਟਕਾਵਣ ਹੱਡੀਆਂ
ਪੈਰਸ ਤੇ ਲੰਡਨ ਦੀ ਨੱਢੀਆਂ
ਗੋਰੀਆਂ ਦੇ ਗਿਟੇ ਢਕ ਰਹੀਆਂ
ਖੱਲਾਂ, ਮੇਰੇ ਦੇਸ਼ ਦੀਆਂ।



# ਪੰਜਾਬ

ਜੰਮੇ, ਪਲੇ, ਖੇਡੇ ਏਸੇ ਧਰਤ ਉੱਤੇ
ਡਾਢੀ ਏਸ ਦੀ ਖਿੱਚ ਪਿਆਰ ਦੀ ਏ

ਛਿੜੀ ਤਾਘ ਦੀ ਸਦਾ ਝਰਨਾਟ ਰਹਿੰਦੀ
ਐਸੀ ਵੱਜੇ ਕੋਈ ਤਾਰ ਬੇ-ਤਾਰ ਦੀ ਏ

ਮਾਝਾ, ਮਾਲਵਾ, ਮੈਣ-ਦੁਆਬ ਲੰਮਾ
ਸੁੰਦਰ ਧਰਤ ਦਿਸ ਆਉਂਦੀ ਬਾਰ ਦੀ ਏ

ਸਤਲੁਜ, ਬਿਆਸ, ਰਾਵੀ ਤੇ ਝਨਾਂ ਸੋਹਣੇ
ਹੁੰਦੀ ਸਿਫਤ ਨਾ ਜਿਹਲਮੋਂ ਪਾਰ ਦੀ ਏ।

ਪਾਸੇ ਉੱਤਰ ਦੇ ਉੱਤਰੇ ਕੋਈ ਜਾ ਕੇ
ਸੁੱਕੇ ਸੜੇ ਦੀ ਜਾਨ ਵੀ ਹਰੀ ਹੋਵੇ

ਪਾਣੀ ਪੌਣ ਕਸ਼ਮੀਰ ਅਕਸੀਰ ਜਾਣੋ
'ਮਰੀ' ਗਿਆਂ ਬਚ ਜਾਏ ਜੋ ਮਰੀ ਹੋਵੇ।

ਵੇਖੇ ਪਿੰਡਾਂ ਦਾ ਕੋਈ ਪਰਭਾਤ ਵੇਲਾ
ਵਿੱਚ ਚਾਟੀਆਂ ਵੱਜਣ ਮਧਾਣੀਆਂ ਜਾਂ

ਲੱਸੀ, ਮੱਖਣ, ਪਰਾਉਂਠੇ, ਛਾਹ ਵੇਲਾ
ਤੁਰਨ ਪੈਲੀਆਂ ਵਲ ਸੁਆਣੀਆਂ ਜਾਂ

ਨਹਿਰਾਂ ਪੈਂਦੀਆਂ, ਲੱਗੀਆਂ ਖ਼ੂਬ ਲਹਿਰਾਂ
ਦਿੱਸਣ ਖੇਤੀਆਂ ਸੁੰਦਰ ਸੁਹਾਣੀਆਂ ਜਾਂ

ਦਿੱਸੀ ਮੌਜ ਨ ਸਾਡਿਆਂ ਪਿੰਡਾਂ ਵਰਗੀ
ਅਸਾਂ ਸਾਰੀਆਂ ਗਲੀਆਂ ਛਾਣੀਆਂ ਜਾਂ।

ਦਹੀਂ ਦੁੱਧ ਦੇ ਵਹਿਣ ਦਰਿਆ ਏਥੇ
ਰੱਬ ਵਾਲੀਆਂ ਬਰਕਤਾਂ ਭਾਰੀਆਂ ਨੇ

ਪਈ ਧਾਂਕ ਪੰਜਾਬੀਆਂ ਜੋਧਿਆਂ ਦੀ
ਯੂਰਪ ਜੰਗ ਅੰਦਰ ਤੇਗਾਂ ਮਾਰੀਆਂ ਨੇ।

ਸੋਹਣੀ ਏਸ ਪੰਜਾਬ ਦੀ ਧਰਤੀ ਉੱਤੇ
ਨਾਨਕ ਜਹੇ ਹੋਏ ਪੂਰੇ ਪੀਰ ਵੀ ਹਨ

ਚਿਸ਼ਤੀ, ਸ਼ਾਹ ਹੁਸੈਨ, ਗੁਰਦਾਸ, ਛੱਜੂ
ਕਾਹਨੇ ਭਗਤ ਜਿਹੇ ਫ਼ਕੀਰ ਵੀ ਹਨ

ਤੀਰਥ ਰਾਮ ਜੀ ਮਸਤ ਅਲਮਸਤ ਹੋਏ
ਅਰਜਨ ਗੁਰੂ ਜਿਹੇ ਗਹਿਰ-ਗੰਭੀਰ ਵੀ ਹਨ

ਕਲਗੀਧਰ ਤੇ ਸ਼ੇਰਿ-ਪੰਜਾਬ ਵੀ ਹਨ
ਨਲੂਏ, ਭੱਟੀ ਵਰਗੇ ਮਰਦ ਬੀਰ ਵੀ ਹਨ।

ਜਲੂਣ ਜੱਟ, ਸ਼ਾਹ ਫ਼ਜ਼ਲ ਤੇ ਸ਼ਾਹ ਵਾਰਸ
ਬੁਲ੍ਹੇ ਜਿਹੇ ਹਨ ਜਾਦੂ-ਬਿਆਨ ਜਿਸ ਦੇ

ਕਿਉਂ ਨਾ ਏਸ ਪੰਜਾਬ ਤੇ ਫ਼ਖ਼ਰ ਕਰੀਏ
ਕਿੱਕਰ ਸਿੰਘ, ਗ਼ੁਲਾਮ ਭਲਵਾਨ ਜਿਸ ਦੇ।

ਰੱਬੀ ਰਹਿਮਤਾਂ ਖ਼ੂਬੀਆਂ ਹੋਣ ਕਰ ਕੇ
ਸਾਰੇ ਦੇਸ਼ ਦਾ ਕਹਿਣ ਸ਼ਿੰਗਾਰ ਇਸ ਨੂੰ

ਭਾਰਤ ਵਰਸ਼ ਦੀ ਰਾਤ ਦਿਨ ਕਰੇ ਰਾਖੀ
ਤਾਹੀਉਂ ਆਖਦੇ ਨੇ ਪਹਿਰੇਦਾਰ ਇਸ ਨੂੰ

ਰੋਜ਼ੀ ਭੇਜਦਾ ਦੇਸ ਬਦੇਸ਼ ਅੰਦਰ
ਕਹਿਣਾ ਫੱਬਦਾ ਠੀਕ ਦਾਤਾਰ ਇਸ ਨੂੰ

ਚਿੱਟੀ ਦੁੱਧ ਚਾਦਰ ਲੱਗਾ ਦਾਗ ਉੱਤੇ
ਤਾਂ ਜੋ ਹੋ ਨ ਜਾਏ ਹੰਕਾਰ ਇਸ ਨੂੰ।

ਇਹਦੇ ਪੁੱਤ ਰੰਗੀਲੜੇ ਛੈਲ ਬਾਂਕੇ
ਬੋਲੀ ਆਪਣੀ ਮਨੋਂ ਭੁਲਾਈ ਜਾਂਦੇ

ਪਿੱਛੇ ਸਿੱਪੀਆਂ ਦੇ ਖਾਂਦੇ ਫਿਰਨ ਗੋਤੇ
ਪੰਜ-ਆਬ ਦਾ ਮੋਤੀ ਰੁਲਾਈ ਜਾਂਦੇ।



# ਨਾਨਕ

ਨਹੀਂ ਵਿਚ ਕੈਦ ਮੰਦਿਰ ਮਸਜਿਦ, ਧਰਮਸਾਲਾ
ਹਰ ਮਕਾਨ ਅੰਦਰ ਲਾ ਮਕਾਨ ਸਮਝੋ

ਰੂਪ ਰੰਗ ਉਹਦਾ ਵਰਨ ਚਿਹਨ ਕੋਈ ਨਾ
ਰੰਗਾਂ ਸਾਰਿਆਂ ਵਿਚ ਵਰਤਮਾਨ ਸਮਝੋ

ਨਾਤਾ, ਦੋਸਤੀ, ਸਾਥ, ਸ਼ਰੀਕਤਾ, ਨਹੀਂ
ਸਭ ਤੋਂ ਵੱਖਰਾ ਸਭਸ ਦੀ ਜਾਨ ਸਮਝੋ

ਦੇਸ਼, ਜ਼ਾਤ, ਮਜ਼ਹਬ, ਪੇਸ਼ਾ, ਖ਼ਿਆਲ ਕੋਈ
ਹਰ ਇਨਸਾਨ ਦੇ ਤਾਈਂ ਇਨਸਾਨ ਸਮਝੋ।

ਜਾਣੇ ਸਭਸ ਵਿਚ ਜੋਤ ਪਰਮਾਤਮਾਂ ਦੀ
ਪਹਿਲਾਂ ਦਸਿਆ ਇਹੋ ਦਸਤੂਰ ਨਾਨਕ

ਸ਼ਰਧਾ ਨਾਲ ਪਾਇਆ ਸੁਰਮਾ ਏਕਤਾ ਦਾ
ਸਭਨਾਂ ਅੱਖੀਆਂ ਵਿਚ ਦਿੱਸੇ ਨੂਰ ਨਾਨਕ।

ਸਮਝਣ ਵਾਲਿਆਂ ਨੇ ਕ੍ਰਿਸ਼ਨ ਸਮਝ ਲੈਣਾ
ਭਾਵੇਂ ਮੋਹਨ ਕਹਿ ਲੋ ਭਾਵੇਂ ਸ਼ਾਮ ਕਹਿ ਲੋ

ਨੀਯਤ ਵਿਚ ਜੇ ਭਾਵ ਹੈ ਪਿਆਰ ਵਾਲਾ
ਫ਼ਤਹ, ਬੰਦਗੀ, ਨਮਸਤੇ, ਸਲਾਮ ਕਹਿ ਲੋ

ਨਾਮਾਂ ਸਾਰਿਆਂ ਵਿਚ ਉਹਦਾ ਨਾਮ ਕੋਈ ਨਹੀਂ
ਇਸੇ ਲਈ ਉਹਦਾ ਕੋਈ ਨਾਮ ਕਹਿ ਲੋ

ਸਭਨਾਂ ਬੋਲੀਆਂ ਤਾਈਂ ਉਹ ਜਾਣਦਾ ਏ
ਭਾਵੇਂ ਕਹੁ ਅੱਲਾ ਭਾਵੇਂ ਰਾਮ ਕਹਿ ਲੋਂ।

ਐਸੇ ਪ੍ਰੇਮ ਦੇ ਰੰਗ ਵਿਚ ਰੰਗੀਆ ਜੋ
ਉਹਨੇ ਸਮਝਿਆ ਠੀਕ ਜ਼ਰੂਰ ਨਾਨਕ

ਅੰਦਰ ਬਾਹਰ ਉਹਨੂੰ ਨਜ਼ਰੀਂ ਪਿਆ ਆਵੇ
ਨੂਰ ਨੂਰ ਨਾਨਕ, ਨੂਰ ਨੂਰ ਨਾਨਕ।

ਰਿੱਛਾਂ ਬੰਦਰਾਂ ਦਾ ਪਹਿਲੋਂ ਹੱਕ ਹੁੰਦਾ
ਮਿਲਦਾ ਰੱਬ ਜੇਕਰ ਬਾਹਰ ਕੰਦਰਾਂ ਵਿਚ

ਪੰਡਤਾਂ, ਕਾਜ਼ੀਆਂ, ਭਾਈਆਂ ਦਾ ਮਸਲਾ ਜੇ
ਰੱਬ ਵੱਟਿਆਂ ਇੱਟਾਂ ਤੇ ਮੰਦਰਾਂ ਵਿਚ

ਇਹ ਵੀ ਧੋਖਾ ਜੇ ਕਿਤੇ ਨਾ ਸਮਝ ਲੈਣਾ
ਉਹ ਹੈ ਧੱਨੀਆਂ ਦੱਸਾਂ ਜਾਂ ਪੰਦਰਾਂ ਵਿਚ

ਨੀਵਾਂ ਸਿਰ ਕਰ ਕੇ ਮਾਰੇ ਝਾਤ ਜੇਹੜਾ
ਉਹਨੂੰ ਦਿਸੇਗਾ ਸਾਰਿਆਂ ਅੰਦਰਾਂ ਵਿਚ।

ਘੜੇ ਆਪਣੇ ਰਹਿਣ ਲਈ ਬੁੱਤ ਉਹਨੇ
ਐਸੇ ਗਿਆਨ ਦੇ ਨਾਲ ਭਰਪੂਰ ਨਾਨਕ

ਨਾਨਕ ਓਸ ਵਿਚ ਹੈ, ਉਹ ਹੈ ਵਿਚ ਨਾਨਕ
ਓਸੇ ਨੂਰ ਤੋਂ ਨੂਰ ਇਹ ਨੂਰ ਨਾਨਕ'

ਆ ਕੇ ਨਜ਼ਰ ਵੀ ਆਉਂਦਾ ਨਜ਼ਰ ਨਾਹੀਂ
ਕਿੱਸਾ ਜਾਣ ਲੋ ਮੂਸਾ ਤੇ ਤੂਰ ਦਾ ਏ


ਅਪਣੇ ਆਪ ਨੂੰ ਆਪ ਨੇ ਹੈ ਮਿਲਣਾ
ਪੈਂਡਾ ਬਹੁਤ ਨੇੜੇ ਫਿਰ ਵੀ ਦੂਰ ਦਾ ਏ

ਪਰਦਾ ਲਾਹ ਕੇ ਵੀ ਰਿਹਾ ਵਿਚ ਪਰਦੇ
ਆਇਆ ਨੂਰ ਉਤੇ ਪਰਦਾ ਨੂਰ ਦਾ ਏ

ਜਿਥੇ ਮਿਲਣ ਸੌਦੇ ਕੇਵਲ ਦਿਲਾਂ ਬਦਲੇ
ਓਥੇ ਕੰਮ ਕੀ ਅਕਲ ਸ਼ਊਰ ਦਾ ਏ।

ਮਿਲੀਏ ਜਿਨਸ ਵਿਚ ਸਦਾ ਹਮ ਜਿਨਸ ਹੋ ਕੇ
ਇਹ ਸਿਧਾਂਤ ਜੇ ਸਿਰਫ਼ ਮਨਜ਼ੂਰ ਨਾਨਕ

ਬੂੰਦ ਵਿਚ ਸਾਗਰ, ਸਾਗਰ ਵਿਚ ਬੂੰਦਾਂ
ਰਲਿਆ ਨੂਰ ਅੰਦਰ ਹੋ ਕੇ ਨੂਰ ਨਾਨਕ।



ਵਿੱਥ ਹੈਗੀ ਜੇ ਪੌਂਟੇ ਤੇ ਪੰਜ ਕੋਹ ਦੀ,
ਹੋਇਆ ਜੰਗ ਸੀ ਜਿਥੇ ਇਹ ਸ਼ਾਨ ਵਾਲਾ।
ਉਥੇ ਮੜ੍ਹੀਆਂ ਚੋਂ ਅਜੇ ਆਵਾਜ਼ ਆਵੇ :
'ਭੱਜੋ! ਆਇਆ ਜੇ 'ਤੀਰੇ ਕਮਾਨ ਵਾਲਾ'।


# ਨਿਰਵੈਰ ਜੋਧਾ

(ਭਾਈ ਕਨ੍ਹਈਆ)

ਛਿੜਿਆ ਜੰਗ ਸੀ ਬੜੇ ਘਮਸਾਨ ਵਾਲਾ,
ਆਮ੍ਹੋ ਸਾਹਮਣੇ ਸੂਰਮੇ ਡੱਟੇ ਪਏ ਸਨ।
ਲੱਤਾਂ ਟੁੱਟੀਆਂ ਛਾਤੀਆਂ ਫਾਟੀਆਂ ਸਨ,
ਸਿਰ ਕਈਆਂ ਜਵਾਨਾਂ ਦੇ ਫਟੇ ਪਏ ਸਨ।
ਤੜਪ ਤੜਪ ਕੇ ਦੇਂਵਦੇ ਜਾਨ ਕਈ,
ਸਿਰ ਧੜਾਂ ਤੋਂ ਕਈਆਂ ਦੇ ਕਟੇ ਪਏ ਸਨ।
ਸੂਹੇ ਸਾਗਰ ਦੀ ਉਪਰਲੀ ਸਤਹ ਉੱਤੇ,
ਮਾਨੋ ਲਾਸ਼ਿਆਂ ਤੇ ਲਾਸ਼ੇ ਅਟੇ ਪਏ ਸਨ।
ਅਧ-ਮੋਇਆਂ ਦੇ ਮੂੰਹੋਂ ਅਵਾਜ਼ ਆਵੇ :
'ਹਾਇ ਹਾਇ ਪਾਣੀ. ਹਾਇ ਹਾਇ ਪਾਣੀ'।
ਕੋਈ ਅਗਲੇ ਲੋਕ ਦੇ ਪਾਂਧੀਆਂ ਨੂੰ,
ਜਾਂਦੀ ਵੇਰ ਦਾ ਆਇ ਪਿਲਾਏ ਪਾਣੀ।
ਚਲਦੇ ਤੇਗ ਤੇ ਤੀਰਾਂ ਦੀ ਛਾਉਂ ਹੇਠਾਂ,
ਮਾਨੋ ਸ਼ਾਮ. ਦੁਪਹਿਰ ਨੂੰ ਪਈ ਹੋਈ ਸੀ।
ਇਕ ਤਾਂ ਜਾਨ ਪਏ ਦੇਂਵਦੇ ਤੀਰ ਖਾ ਕੇ,
ਇਕਨਾਂ ਵੇਖ ਜਾਨੋ ਜਾਨ ਗਈ ਹੋਈ ਸੀ।
ਇਕਨਾਂ ਖਾਇਕੇ ਕਸਮ ਨੂੰ ਤੋੜ ਦਿਤਾ,
ਕਸਮ ਸਿਦਕ ਦੀ ਇਕਨਾ ਨੇ ਲਈ ਹੋਈ ਸੀ।
ਇਥੇ ਸੋਚਣੇ ਦੀ ਵੇਹਲ ਕਿਸੇ ਨੂੰ ਨਾ,
ਮਾਰੋ ਮਾਰ ਵਾਲੀ ਰੌਲੀ ਪਈ ਹੋਈ ਸੀ।
ਮਸ਼ਕ ਮੋਢੇ ਤੇ ਸਿਖ ਦਸਮੇਸ਼ ਜੀ ਦਾ,
ਬਿਨਾਂ ਵਿਤਕਰੇ ਪਾਣੀ ਪਿਲਾਈ ਜਾਂਦਾ।
ਤੜਪ ਤੜਪ ਕੇ ਜਿਨ੍ਹਾਂ ਦੀ ਜਾਨ ਜਾ ਰਹੀ,
ਜਾਨ ਉਨ੍ਹਾਂ ਦੀ ਜਾਨ ਵਿਚ ਪਾਈ ਜਾਂਦਾ।

ਕਿਸੇ ਆਖਿਆ ਜਾਏ ਦਸਮੇਸ਼ ਜੀ ਨੂੰ,
ਸੱਚੇ ਪਾਤਸ਼ਾਹ! ਜ਼ਰਾ ਖ਼ਿਆਲਿਆ ਜੇ.
ਮੋਏ ਵੈਰੀਆਂ ਤਾਈਂ ਜਿਵਾਣ ਵਾਲਾ,
ਵੈਰੀ ਵਿਚ ਬੁੱਕਲ ਤੁਸਾਂ ਪਾਲਿਆ ਜੇ।
ਵੇਖੋ, ਉਨ੍ਹਾਂ ਨੂੰ ਫੇਰ ਉਠਾਈ ਜਾਂਦਾ,
ਮਾਰ ਜਿਨ੍ਹਾਂ ਨੂੰ ਅਸਾਂ ਨੇ ਢਾਹ ਲਿਆ ਜੇ।
ਲਾਵੇ ਵੈਰੀਆਂ ਤਾਈਂ ਫਿਰ ਹੋਸ਼ ਅੰਦਰ,
ਇਹਨੇ ਆਪਣਾ ਹੋਸ਼ ਭੁਲਾ ਲਿਆ ਜੇ।
ਗੁਰਾਂ ਕਿਹਾ : 'ਕਨ੍ਹਈਆ ਜੀ! ਗੱਲ ਕੀ ਏ,
ਅਪਣਾ ਅਤੇ ਬਿਗਾਨਾ ਵੀ ਭੁੱਲ ਗਿਆ ਏਂ?
ਲੱਗਾ ਕਹਿਣ ਅਗੋਂ, ਤੇਰੀ ਸ਼ਰਨ ਆਕੇ,
ਮੈਂ ਤੇ ਭੇਦ ਹਕੀਕਤ ਦਾ ਖੁਲ੍ਹ ਗਿਆ ਏ।

ਮੇਰੇ ਪਾਤਸ਼ਾਹ ਸਾਰੇ ਮੈਦਾਨ ਅੰਦਰ,
ਤੈਥੋਂ ਬਾਹਰ ਕੋਈ ਨਜ਼ਰ ਆਇਆ ਹੀ ਨਹੀਂ।
ਜਿੱਥੇ ਚੋਇਆਂ ਪਾਣੀ ਤੇਰਾ ਮੂੰਹ ਦਿੱਸੇ,
ਕਿਸੇ ਗ਼ੈਰ ਦੇ ਮੂੰਹ ਵਿਚ ਪਾਇਆ ਹੀ ਨਹੀਂ।
ਤੇਰਾ ਦਿੱਸਿਆ ਤੈਨੂੰ ਮੈਂ ਕੀ ਦੱਸਾਂ,
ਤੈਂ ਨੇ ਦੂਈ ਦਾ ਪਾਠ ਪੜ੍ਹਾਇਆ ਹੀ ਨਹੀਂ।
ਇਕ ਹੱਥ ਖੰਡਾ, ਦੂਜੇ ਹੱਥ ਅੰਮ੍ਰਿਤ,
ਕਿਸੇ ਹੋਰ ਨੇ ਏਦਾਂ ਪਿਲਾਇਆ ਹੀ ਨਹੀਂ।
ਸੁਣ ਕੇ ਗੁਰੂ ਜੀ ਬੋਲੇ : ਬਹਾਦਰੀ ਇਹ,
ਇਸੇ ਅਮਲ ਦੇ ਨਾਲ ਸਮਝਾ ਦਿਆ ਕਰ।
ਡੱਬੀ ਹੱਥ ਦੇ ਕੇ ਛਾਤੀ ਨਾਲ ਲਾਇਆ,
ਕਿਹਾ, ਫੱਟਾਂ ਤੇ ਮਲ੍ਹਮ ਵੀ ਲਾ ਦਿਆ ਕਰ।



# ਸਾਡਾ ਗੁਰੂ ਤੇ ਗੁਰੂ ਦਾ ਬਾਗ਼ ਸਾਡਾ!


ਸਿੱਖੀ ਨਾਹੀਂ ਅਸਾਂ ਕੋਈ ਰੀਤ ਸੱਜਰੀ,
ਲੱਗੀ ਆਉਂਦੀ ਆਦਿ ਤੋਂ ਚਿਰਾਂ ਦੀ ਏ।
ਤਾਰੂ ਸਿੰਘ ਤੇ ਦੀਪ ਸਿੰਘ ਮਨੀ ਸਿੰਘ ਨੇ,
ਖੇਡੀ ਖੇਡ ਲਾਈ ਬਾਜ਼ੀ ਸਿਰਾਂ ਦੀ ਏ।
ਜਾਂਦੀ ਆਨ ਰਖਣੀ, ਕਾਇਮ ਸ਼ਾਨ ਰਖਣੀ,
ਨਾਹੀਂ ਜਾਨ ਰਖਣੀ ਬਾਣ ਨਰਾਂ ਦੀ ਏ।
ਹੁੰਦੇ ਜ਼ੁਲਮ ਆਏ, ਸਹਿੰਦੇ ਅਸੀਂ ਆਏ,
ਆਈ ਚਾਲ ਚਲਦੀ ਏਸੇ ਤਰ੍ਹਾਂ ਦੀ ਏ।
ਨਾਨਕ ਗੁਰੂ ਦੇ ਦਰ ਤੋਂ ਮਾਰ ਗੋਲੀ,
ਦੇਵੇਂ ਕਿਸ ਤਰ੍ਹਾਂ ਤੁਰਤ ਹਟਾ ਅੜਿਆ।
ਬਾਜਾਂ ਵਾਲੜੇ ਗੁਰੂ ਤੋਂ ਸਬਕ ਲੈਕੇ,
ਜਿਨ੍ਹਾਂ ਸਿਰ ਕੁਰਬਾਨੀ ਦਾ ਚਾ ਚੜ੍ਹਿਆ।
ਜੇਕਰ ਅਸਰ ਨ ਗੱਲਾਂ ਚਿਰੋਕੀਆਂ ਦਾ,
ਪਿਛਲੇ ਸਾਲ ਦੀ ਹੋਰ ਮਸਾਲ ਸੁਣ ਲੌ।
ਗੁਰ ਅਸਥਾਨ ਵਿਕੇ ਗੁਰ ਦੀ ਗੋਦ ਟਿਕੇ,
ਲਛਮਣ ਸਿੰਘ ਦਲੀਪ ਦਾ ਨਾਮ ਸੁਣ ਲੋ।
ਦਿਲ ਦੇ ਹਾਵਿਆਂ ਚੋਂ ਭੱਠੀ ਆਵਿਆਂ ਚੋਂ,
ਜਾਕੇ ਢੂੰਡ ਕੁਰਬਾਨੀ ਦੇ ਬੀਜ ਚੁਣ ਲੌ।
ਖਿੜਿਆ ਫੁੱਲ ਤਾਂ ਭੌਰਿਆਂ ਮਸਤ ਹੋਣਾ,
ਕੰਡੇ ਡਾਹ ਭਾਵੇਂ ਕਈ ਜਾਲ ਬਣ ਲੌ।
ਹੋੜਨ ਗਿਆਂ ਨੂੰ ਅਗੋਂ ਸ਼ਹੀਦ ਕਹਿੰਦੇ,
ਦੇਵਾਂ ਜਾਨ ਤਾਂ ਗੁਰੂ ਦਵਾਰ ਦੇਵਾਂ।
ਜਾਨ ਧਨ ਹੋਵੇ ਪ੍ਰਾਨ ਤਨ ਹੋਵੇ,
ਨਾਨਕ ਗੁਰੂ ਦੇ ਦਰ ਤੋਂ ਵਾਰ ਦੇਵਾਂ।
ਅੰਦਰ ਬੈਠਣੇ ਤੋਂ ਫਿਰ ਵੀ ਵਰਜਦੇ ਨੇ,
ਸਾਡਾ ਗੁਰੂ ਤੇ ਗੁਰੂ ਅਸਥਾਨ ਸਾਡੇ।
ਫਲ ਖਾਉਣੇ ਦਾ ਸਾਡਾ ਹੱਕ ਕੋਈ ਨਹੀਂ,
ਭਾਵੇਂ ਗੁਲ ਸਾਡੇ ਗੁਲਿਸਤਾਨ ਸਾਡੇ।
ਕਲਗੀ ਵਾਲੜੇ ਤੋਂ ਜਦੋਂ ਸਨਦ ਲੈ ਲਈ,
ਕਿਸ ਦਾ ਹੱਕ, ਲੈਵੇ ਇਮਤਿਹਾਨ ਸਾਡੇ।
ਮਾਲਕ ਤਾਈਂ ਕਹਿੰਦੇ ਘਰੋਂ ਨਿਕਲ ਜਾ ਤੂੰ,
ਬਣਕੇ ਆਏ ਸੋਹਣੇ ਮਹਿਮਾਨ ਸਾਡੇ।
ਕਾਲੇ ਬੱਦਲਾਂ ਵਿੱਚ ਇੱਕ ਝੜੀ ਲਾਕੇ,
ਕੋਈ ਐਸੜਾ ਝੱਖੜ ਝੁਲਾ ਰੱਬਾ।
ਇਹ ਮੁਸਾਫਰਾਂ ਨੂੰ ਹਵਾਈ ਜਹਾਜ਼ ਵਾਂਗੋਂ,
ਚਾਂ ਸਮੁੰਦਰੋਂ ਪਾਰ ਪੁਚਾ ਰੱਬਾ।
ਸਾਡੇ ਦਿਲ ਤਾਈਂ ਦਿੱਤਾ ਦੁੱਖ ਬਹੁਤਾ,
ਜ਼ਾਲਮ ਆਪਣਾ ਦਿਲ ਤੂੰ ਸ਼ਾਦ ਕਰਕੇ,
ਸਾਡਾ ਬਾਗ਼ ਉਜਾੜਿਆ ਈ ਬਹੁਤ ਪਾਪੀ
ਖੇਤ ਆਪਣੇ ਤਾਈਂ ਆਬਾਦ ਕਰਕੇ
ਪਾਇਆ ਫਿੱਕ ਤੂੰ ਸੁਖ ਆਰਾਮ ਅੰਦਰ
ਮੌਜ ਆਪਣੀ ਨਸ਼ੇ ਸਵਾਦ ਕਰਕੇ।
ਇਹ ਤੂੰ ਜੰਗਲੇ ਬੰਗਲੇ ਰੰਗ ਲਏ ਨੀ,
ਸਾਡੀ ਮਾੜੀਆਂ ਮਹਿਲ ਬਰਬਾਦ ਕਰਕੇ।
ਇੱਕ ਤੇਜ਼ ਬਰਛਾ ਸੀਨੇ ਵਿੱਚ ਲਾਕੇ,
ਸਾਡੇ ਜਿਗਰ ਤੇ ਲਾਇਆ ਦਾਗ਼ ਡਾਢਾ।
ਵੇਖੀਂ ਅੰਤ ਨੂੰ ਫੈਸਲਾ ਏਹੀ ਰਹਿ ਸੀ,
ਸਾਡਾ ਗੁਰੂ ਤੇ ਗੁਰੂ ਦਾ ਬਾਗ਼ ਸਾਡਾ।
ਗੱਲ ਮੰਨੀ ਪਰਮੰਨੀ ਜਹਾਨ ਅੰਦਰ,
ਮਿਰਗ ਰਾਗ ਸੁਣ ਕੇ ਫਿਰ ਦੌੜਦਾ ਨਹੀਂ।
ਲਾਟ ਸ਼ਮਾਂ ਦੀ ਵੇਖ ਪਤੰਗ ਕਦੇ
ਤੱਕੇ ਪਰਤ ਪਿਛੇ? ਵਾਗਾਂ ਮੋੜਦਾ ਨਹੀਂ।
ਧਰਮ ਜਾਉਂਦਾ ਸੂਰਮਾਂ ਮੌਤ ਛਡਕੇ,
ਹੋਰ ਜ਼ਿੰਦਗੀ ਲਈ ਸਮਾਂ ਲੋੜਦਾ ਨਹੀਂ।
ਆਸ਼ਕ "ਹੱਕ" ਦਾ ਸੂਲੀਉਂ ਡਰ ਕਦੀ,
ਪਾਸੇ ਹੋਰਾਂ ਦੇ ਪ੍ਰੀਤ ਨੂੰ ਜੋੜਦਾ ਨਹੀਂ।
'ਭੌਰ' ਫੂਲਾਂ ਦੀ ਵਾਸ਼ਨਾ ਛੱਡ ਦੇਵੇ,
ਏਹ ਖਿਆਲ ਕੇਵਲ ਖ਼ਫਕਾਨੀਆਂ ਦਾ।
ਸਾਡਾ ਘਰ 'ਮੁਸਾਫਰਾ ਛੱਡ' ਖੈਹੜਾ,
ਏਹ ਤਾਂ ਹਿੰਦ ਸਾਡਾ ਹਿੰਦੁਸਤਾਨੀਆਂ ਦਾ।



# 'ਸਾਡਾ ਗੁਰੂ ਤੇ ਗੁਰੂ ਦਾ ਬਾਗ਼ ਸਾਡਾ'

ਪੱਟਾਂ ਸੁੱਟਿਆ ਤੇਰਿਆਂ ਲਾਰਿਆਂ ਨੇ,
ਬਹੁਤਾ ਹੋਰ ਨ ਚੱਟ ਦਿਮਾਗ ਸਾਡਾ।
ਤੇਰੀਆਂ ਲੋਰੀਆਂ ਨਾਲ ਹੁਣ ਸੌਂਵਦਾ ਨ,
ਪੰਥ ਖਾਲਸਾ ਪਿਆ ਈ ਜਾਗ ਸਾਡਾ।
ਪੁੱਜੀ ਵਿਚ ਆਕਾਸ਼ ਦੇ ਆਹ ਸਾਡੀ,
ਸੁਣਕੇ ਧਰਤ ਕੰਬੀ ਮਾਰੂ ਰਾਗ ਸਾਡਾ।
ਹਥ ਵਿਚ ਤੇਗ ਨਹੀਂ ਜ਼ੋਰ ਤਲਵਾਰ ਦਾ ਨਹੀਂ,
ਸ਼ਾਂਤੀ ਸਬਰ ਦਾ ਬੰਬ ਬੇਲਾਗ ਸਾਡਾ।
ਸਾਡੇ ਸਬਰ ਦੇ ਘੁੱਟ ਵਿਚ ਡੁੱਬ ਮਰਸੇਂ,
ਜਦੋਂ ਫਿੱਸਿਆ ਸੀਨੇ ਦਾ ਦਾਗ਼ ਸਾਡਾ।
ਵੇਖੀਂ ਆਹ ਮਜ਼ਲੂਮ ਦੀ ਅਸਰ ਕਰਸੀ,
ਸਮਝੀਂ ਆਹ ਨ ਇਹ ਜ਼ਹਿਰੀ ਨਾਗ ਸਾਡਾ।
ਕਰਨਾ ਜ਼ੁਲਮ ਨਿਸ਼ਾਨੀਆਂ ਭੈੜੀਆਂ ਨੀਂ,
ਖਹਿੜਾ ਛੱਡ ਐ ਤੁਰਤ ਅਭਾਗ ਸਾਡਾ।
ਆਪ ਲੁੱਟੇ ਜਾਈਏ ਪੱਟ ਸੁੱਟੇ ਜਾਈਏ,
ਹਾਏ ਉਜੜੇ ਨ ਗੁਰੂ ਬਾਗ਼ ਸਾਡਾ।
ਅਰਜਨ ਗੁਰੂ ਦੇ ਦੇਸ ਵਲ ਜਾਣ ਵਾਲਾ,
ਉਹ ਸੁਨੇਹੁੜਾ ਲੈ ਜਾਈਂ ਕਾਗ ਸਾਡਾ।
ਤੇਰੇ ਬਾਗ਼ ਨ ਦੇਂਵਦੇ ਬੈਹਣ·ਪਾਪੀ,
ਜੱਥਾ ਜਾਉਂਦਾ ਜਾਂ ਪੈਂਡਾ ਝਾਗ ਸਾਡਾ।
ਐ ਸ਼ਰਾਬ ਕਬਾਬ ਉਡਾਣ ਵਾਲੇ,
ਤੇਰੀ ਅੱਖ ਕਿਉਂ ਰੜਕਦਾ ਸਾਗ ਸਾਡਾ।
ਤੂੰ ਕੀਹ ਲਗਨੈਂ ਸਾਡੀ ਦਲਾਲੀਆਂ ਦਾ,
ਜਦੋਂ ਗੁਰੂ ਸਾਡਾ ਗੁਰੂ ਦਾ ਬਾਗ਼ ਸਾਡਾ।
ਸਾਡਾ ਮੱਕਾ ਮਦੀਨਾ ਤੇ ਹਜ ਇਹੀ,
ਇਹੀ ਗਯਾ ਕਾਂਸ਼ੀ ਤੇ ਪਰਾਗ ਸਾਡਾ।
ਅਸੀ ਜਾਣ ਲੌ ਏਸ ਦੀਆਂ ਨਾਰੀਆਂ ਹਾਂ,
ਅਰਜਨ ਗੁਰੂ ਦਾ ਬਾਗ ਸੁਹਾਗ ਸਾਡਾ।
ਆਉ ਖ਼ੂਨ ਨਚੋੜੀਏ ਤੇਲ ਦੀ ਥਾਂ,
ਜਗਦਾ ਰਹੇ, ਨ ਬਝੇ ਚਰਾਗ਼ ਸਾਡਾ।

ਮੰਜ਼ਲ ਕੱਟ ਮੁਸਾਫਰੋ ਬਾਗ਼ ਪੁੱਜੋ,
ਸਾਡਾ ਗੁਰੂ ਤੇ ਗੁਰੂ ਦਾ ਬਾਗ਼ ਸਾਡਾ।



# ਭਗਤ ਸਿੰਘਾ!

ਹਰ ਕਿਸੇ ਨੂੰ ਆਪਣਾ ਲਗਾ ਜਾਪਣ,
ਅਪਣਾ ਆਪ ਜਾਂ ਵਾਰਿਆ ਭਗਤ ਸਿੰਘਾ।
ਡੁੱਬਾ ਆਪ ਅਜ਼ਾਦੀ ਦੇ ਬਹਿਰ ਅੰਦਰ,
ਸਾਰੇ ਦੇਸ਼ ਨੂੰ ਤਾਰਿਆ ਭਗਤ ਸਿੰਘਾ।
ਫੁਰਨਾਂ ਵਤਨ ਭਲਾਈ ਦਾ ਜਦੋਂ ਫੁਰਿਆ,
ਫਿਰ ਨਹੀਂ ਹੋਰ ਵਿਚਾਰਿਆ ਭਗਤ ਸਿੰਘਾ।

ਅਪਣਾ ਸਿਰ ਦੇ ਕੇ ਕੀਤਾ ਸਿਰੜ ਪੂਰਾ,
ਕੀਤਾ ਬਚਨ ਨਹੀਂ ਹਾਰਿਆ ਭਗਤ ਸਿੰਘਾ।
ਪੂਰਾ ਪੂਰਾ ਪਿਆਰ ਦਾ ਮੁਲ ਦੇ ਕੇ,
ਕੀਤਾ ਪਿਆਰ ਤੈਂ ਪਿਆਰਿਆ ਭਗਤ ਸਿੰਘਾ।

ਤੇਰੇ ਜਿਹਾ ਸੌਦਾ ਕਿਸ ਨੇ ਹੋਰ ਕਰਨਾ?
ਵਾਹ ਵਾਹ ਵਣਜਾਰਿਆ ਭਗਤ ਸਿੰਘਾ।
ਅਮਲ ਨਾਲ ਪ੍ਰਤੱਖ ਵਖਾਲ ਦਿਤਾ,
ਨਿਸਚੇ ਵਿੱਚ ਜੋ ਧਾਰਿਆ ਭਗਤ ਸਿੰਘਾ।
ਗ਼ੈਰਤ, ਅਣਖ, ਖ਼ੁਦ-ਦਾਰੀ ਦੇ ਨਾਮ ਉਤੇ,
ਤੈਨੂੰ ਗਿਆ ਵੰਗਾਰਿਆ ਭਗਤ ਸਿੰਘਾ।

ਤੇਰੇ ਜਿਹੀ ਕੀਤੀ ਕਿਸ ਨੇ ਕੁੱਖ ਸਫਲੀ?
ਸਰਵਣ ਪੁਤਰ ਦੁਲਾਰਿਆ ਭਗਤ ਸਿੰਘਾ।
ਤੇਰਾ ਨਾਮ ਨਿਸ਼ਾਨ ਮਿਟਾਣ ਦੇ ਲਈ,
ਜਿਨ੍ਹਾਂ ਫਾਂਸੀ ਤੇ ਚਾੜਿਆ ਭਗਤ ਸਿੰਘਾ,
ਬੂਟਾ ਸਮਝ ਕੇ ਆਪਣਾ ਆਪ ਹਥੀਂ,
ਉਨ੍ਹਾਂ ਆਪ ਉਖਾੜਿਆ ਭਗਤ ਸਿੰਘਾ।


ਉਹੋ ਮੌਤ ਬਦਨਾਮੀ ਦੀ ਆਪ ਮਰ ਗਏ,
ਤੈਨੂੰ ਜਿਨ੍ਹਾਂ ਨੇ ਮਾਰਿਆ ਭਗਤ ਸਿੰਘਾ।
ਤੇਰੇ ਨਾਮ ਨੂੰ ਸਦਾ ਦੀ ਯਾਦ ਦੇ ਲਈ,
ਲੋਕਾਂ ਦਿਲ ਤੇ ਉਕਾਰਿਆ ਭਗਤ ਸਿੰਘਾ।
ਕੌਮੀ ਬੁਤ ਵਿੱਚ ਬੈਠਾ ਤੂੰ ਜਾਨ ਬਣ ਕੇ,
ਓਏ ਸਾਰੇ ਦੇ ਸਾਰਿਆ ਭਗਤ ਸਿੰਘਾ।

ਕੇਰਾਂ ਹੇਠਲੀ ਉਤੇ ਤੂੰ ਕਰ ਦਿਤੀ,
ਇਨਕਲਾਬ ਦੇ ਨਾਹਰਿਆ ਭਗਤ ਸਿੰਘਾ।
ਰੋੜੀ ਰਾਜ ਸੁਖਦੇਵ ਦੀਆਂ ਹਡੀਆਂ ਵਿੱਚ,
ਸੱਚ ਮੁੱਚ ਦਿਆ ਗਾਰਿਆ ਭਗਤ ਸਿੰਘਾ।
ਡੂੰਘੀ ਪਕੀ ਇਸ ਚੌੜੀ ਬੁਨਿਆਦ ਉਤੇ,
ਗਿਆ ਮਹਿਲ ਉਸਾਰਿਆ ਭਗਤ ਸਿੰਘਾ।

ਲੱਗਾ ਵੇਖ ਕੇ ਚੋਰ ਤੂੰ ਸਨ੍ਹ ਉਤੇ,
ਕੀਤੀ ਪਾਹਰਿਆ ਪਾਹਰਿਆ ਭਗਤ ਸਿੰਘਾ।
ਬੋਲੇ ਕੰਨ ਸੀ, ਖਿੜਕੀਆਂ ਖੋਹਲਣੇ ਦਾ
ਨਵਾਂ ਰਾਹ ਵਖਾਲਿਆ ਭਗਤ ਸਿੰਘਾ।
ਟੱਪਣ ਲਈ ਗ਼ੁਲਾਮੀ ਦੇ ਟਿਬਿਆਂ ਨੂੰ,
ਨਿਰੇ ਚਾਨਣ ਮੁਨਾਰਿਆ ਭਗਤ ਸਿੰਘਾ।

ਚਮਕਦਾਰ ਚੰਨਾਂ ਖਾਨਦਾਨ ਦਿਆਂ,
ਭਾਰਤ ਮਾਂ ਦੇ ਤਾਰਿਆ ਭਗਤ ਸਿੰਘਾ।

ਦਹੀਂ ਤੇਲ ਦਾ ਨਾਲ ਸੁਆਹ ਵਟਣਾ,
ਲਿਆ ਮਲ ਕੁਆਰਿਆ ਭਗਤ ਸਿੰਘਾ!
ਲਾੜੀ ਮੌਤ ਦੇ ਨਾਲ ਵਿਆਹ ਕੀਤਾ,
ਵਾਹ ਅਜ਼ਾਦੀ ਦੇ ਲਾੜਿਆ ਭਗਤ ਸਿੰਘਾ।



# ਬੰਦੇ ਮਾਤ੍ਰਿਮ

ਭਾਰਤ ਮਾਤਾ ਤੋਂ ਬਲਿਹਾਰ,
ਬੰਧਨਾ ਮੇਰੀ ਸੌ ਸੌ ਵਾਰ।

ਅੰਮ੍ਰਿਤ ਵਰਗਾ ਜਿਸ ਦਾ ਪਾਣੀ,
ਮਿੱਠੇ ਬੋਲ, ਰਸੀਲੀ ਬਾਣੀ
ਚੰਦਨ ਪਰਬੰਤ ਮਹਿਕ ਫੁਹਾਰੇ,
ਦੇਵੇ ਸੀਤਲ ਪਾਉਣ ਹੁਲਾਰੇ।
ਨਿਘੀਆਂ ਹਰੀਆਂ ਫ਼ਸਲਾਂ ਖੜੀਆਂ,
ਸਾਂਵਲ ਸਾਂਵਲ ਚੜ੍ਹੀਆਂ ਝੜੀਆਂ।

ਫਲ ਸੁਆਦੀ, ਭਰੇ ਭੰਡਾਰ
ਭਾਰਤ ਮਾਤਾ ਤੋਂ ਬਲਿਹਾਰ,
ਬੰਧਨਾ ਮੇਰੀ ਸੌ ਸੌ ਵਾਰ।

ਜਿਸ ਦੀ ਰਾਤ ਚਾਨਣੀ ਪਿਆਰੀ,
ਕੁਦਰਤ ਦੀ ਚਿੱਟੀ ਫੁਲਕਾਰੀ।
ਫੁਲਾਂ ਬੂਟਿਆਂ ਨਾਲ ਸੰਵਾਰੀ,
ਹਸ ਮੁਖਾਂ ਫੁਲਾਂ ਦੀ ਕਿਆਰੀ।
ਜਿਸ ਦੀ ਸੋਭਾ ਨਿਆਰੀ ਨਿਆਰੀ,

ਸੁਖ ਦਾਤੀ ਵਰ ਦੇਵਣ ਹਾਰੀ।

ਵਡਾ ਜਿਸ ਦਾ ਹੈ ਪਰਵਾਰ,
ਭਾਰਤ ਮਾਤਾ ਤੋਂ ਬਲਿਹਾਰ।
ਬੰਧਨਾ. . .।

ਉਸ ਮਾਤਾ ਨੂੰ ਕਾਹਦੀ ਥੋੜ,
ਜਿਸ ਦੇ ਜਾਏ ਚਾਲੀ ਕਰੋੜ।
ਅੱਸੀ ਕਰੋੜ ਫਰਕਦਾ ਡੌਲਾ,
ਵੈਰੀ ਲਈ ਭਿਆਨਕ ਰੌਲਾ।
ਜਿਸ ਦੀ ਪਤਿ ਦੇ ਇਤਨੇ ਰਾਖੇ
ਉਸ ਨੂੰ ਕਿਹੜਾ ਅਬਲਾ ਆਖੇ?

ਖੜਾ ਹਮਾਲਾ ਪਹਿਰੇਦਾਰ,
ਭਾਰਤ ਮਾਤਾ ਤੋਂ ਬਲਿਹਾਰ।
ਬੰਧਨਾ. . .।

ਸ਼ਕਤੀ ਦਾਤੀ ਸ਼ਕਤੀਵਾਨ;
ਬਲ ਪਾਉਣ ਜਿਸ ਤੋਂ ਬਲਵਾਨ।
ਵੈਰੀ ਦਿਲ ਨੂੰ ਭਾਜੜ ਪਾਵੇ,
ਸਾਗਰ ਜਿਸ ਦੇ ਚਰਨ ਧੁਆਵੇ।
ਸਾਡੇ ਤਨ ਵਿਚ ਜਿਸ ਦੇ ਪ੍ਰਾਨ,
ਹਿਰਦੇ ਵਿਚ ਜੋ ਮੂਰਤੀਮਾਨ।


ਪੂਜਾ ਇਸ ਦੀ ਕਰੇ ਉੱਧਾਰ,
ਭਾਰਤ ਮਾਤਾ ਤੋਂ ਬਲਿਹਾਰ।
ਬੰਧਨਾ. . .।

ਰਿਸ਼ੀਆਂ ਮੁਨੀਆਂ ਦਾ ਜੁ ਟਿਕਾਣਾ,
ਹੁਨਰ ਦਾ ਚਸ਼ਮਾਂ ਇਲਮ ਖ਼ਜ਼ਾਨਾ।
ਜੜੀਆਂ ਵਿਚ ਜੀਵਨ ਤਾਸੀਰ,
ਜਿਸ ਦੀ ਮਿੱਟੀ ਵਿਚ ਅਕਸੀਰ।
ਮਨ ਨਿਰਮਲ ਚਾਂਦੀ ਸਮ ਜਾਣ,
ਤਨ ਜਿਸ ਦਾ ਸੋਨੇ ਦੀ ਖਾਣ।

ਗੈਲਾ ਵੇਹੜਾ ਖੁਲ੍ਹਾ ਦੁਆਰ,
ਭਾਰਤ ਮਾਤਾ ਤੋਂ ਬਲਿਹਾਰ।
ਬੰਧਨਾ. . .।

ਜਿਸ ਦੀਆਂ ਨਦੀਆਂ, ਜਿਸ ਦੇ ਨਾਲੇ,
ਜਿਸ ਦੀ ਜਿਨਸ ਜਗਤ ਨੂੰ ਪਾਲੇ।
ਕੁਦਰਤ ਸਾਜ ਸਜਾਈ ਰਾਣੀ;
ਪੌਣ ਹੈ ਜਿਸ ਦਾ ਭਰਦੀ ਪਾਣੀ।
ਇਸ ਦੀ ਇਜ਼ਤ ਇਸ ਦੀ ਸ਼ਾਨ,
ਕਾਇਮ ਰਖੀਏ ਦੇ ਕੇ ਜਾਨ।

ਸਚਿਆਂ ਪੁਤ੍ਰਾਂ ਦੀ ਇਹ ਕਾਰ,
ਭਾਰਤ ਮਾਤਾ ਤੋਂ ਬਲਿਹਾਰ।
ਬੰਧਨਾ ਮੇਰੀ ਸੌ ਸੌ ਵਾਰ।



## ਜੁਗ ਜੁਗ ਜੀਵੇ ਗਾਂਧੀ ਪਿਆਰਾ
## ਭਾਰਤ ਦਾ ਅਣਮੋਲ ਦੁਲਾਰਾ

ਹਿੰਦੁਸਤਾਨ ਦੇ ਬਾਗ਼ ਦਾ ਮਾਲੀ,
ਫੁੱਲਾਂ ਦੀ ਜਿਸ ਹਥ ਰਖਵਾਲੀ;
ਭਰੇ ਪਿਆਰ ਵਿਚ ਡਾਲੀ ਡਾਲੀ,
ਮਨ ਜਿਸ ਦਾ ਹੈ ਮਹਿਕ ਫੁਹਾਰਾ।

ਤਨ ਜਿਸ ਦਾ ਕੰਮ ਦੇਸ ਦੇ ਆਵੇ,
ਲੋੜ ਪਵੇ ਭੁਖ ਨਾਲ ਸੁਕਾਵੇ;
ਸਦਾ ਕੌਮ ਦੀ ਸ਼ਾਨ ਵਧਾਵੇ,
ਭਾਰਤ ਦੇ ਆਕਾਸ਼ ਦਾ ਤਾਰਾ।


ਸੋਚ ਇਕੋ ਬਸ ਦੇਸ ਦੀ ਸੋਚੇ,
ਲੋਚ ਇਕੋ ਬਸ ਦੇਸ ਦੀ ਲੋਚੇ।
ਜਾਵੇ ਜਾਨ ਨਹੀਂ ਸੰਕੋਚ ਏ,
ਦੇਸ ਲਈ ਸਾਰੇ ਦਾ ਸਾਰਾ।

ਦੇਸ ਅਸਾਡੇ ਵਿਚ ਲੁਟ ਜਾਰੀ,
ਗੈਰ ਕਰਨ ਦਿਨ ਰਾਤ ਖੁਆਰੀ;
ਪਰ ਅਧੀਨਤਾ ਵਡੀ ਬੀਮਾਰੀ,
ਬਾਪੂ ਬੂਟੀ ਅਮ੍ਰਿਤ-ਧਾਰਾ।

ਵਤਨ ਪਿਆਰਾ, ਸੇਵਕ ਸਭ ਦਾ,
ਸੇਵਾ ਨੂੰ ਕੰਮ ਸਮਝੇ ਰਬ ਦਾ।
ਅਤਿ-ਤਾਈ ਪਾਸੋਂ ਨਹੀਂ ਦਬਦਾ,
ਜੁਗ ਗਰਦੀ ਅਜ ਜਿਸ ਦਾ ਨਾਹਰਾ।

ਹੇ ਮਾਲਿਕ ਸਭਨਾਂ ਦੇ ਸਾਈਂ
ਇਕ ਅਰਦਾਸ ਕੰਨਾਂ ਵਿਚ ਪਾਈਂ।
ਲੜ ਲੱਗੇ ਦੀ ਤੋੜ ਨਿਭਾਹੀਂ,
ਕਾਇਮ ਰਖੀਂ ਦੇਸ-ਸਹਾਰਾ।

ਜੁਗ-ਜੁਗ ਜੀਵੇ ਗਾਂਧੀ ਪਿਆਰਾ,
ਭਾਰਤ ਦਾ ਅਣਮੋਲ ਦੁਲਾਰਾ।




# ਗ਼ਜ਼ਲ

ਪਿਆਰ ਵਿਚ ਗਿਲ੍ਹਿਆਂ ਦੀ ਚੱਕੀ ਝੋਣ ਦਾ,
ਹਾਸਿਆਂ ਵਿਚ ਹੈ ਸਿਆਪਾ ਰੋਣ ਦਾ।
ਜ਼ਿਕਰ ਨਹੀਂ ਜੇ ਸੋਹਣਿਆਂ ਦੀ ਸਭਾ ਵਿਚ,
ਫ਼ਾਇਦਾ ਕੀ, ਹੋਣ ਜਾਂ ਨਾ ਹੋਣ ਦਾ।

ਨਿਖਰ ਕੇ ਉਲਟੇ ਉਜਾਗਰ ਹੋਣਗੇ,
ਲਾਭ ਨਹੀਂ ਊਜਾਂ ਦੇ ਧੱਬੇ ਧੋਣ ਦਾ।
ਢੂੰਡ ਵਿਚ ਜਿਸ ਦੀ ਜ਼ਮਾਨਾ ਤੜਪਦਾ,
ਸੁਆਦ ਉਸ ਨੂੰ ਹੈ ਕੰਨੀਂ ਕਤਰੌਣ ਦਾ।

ਇਸ਼ਕ ਅੱਡੇ ਲੱਗ ਗਿਆ ਹੈ ਹੁਸਨ ਦੇ,
ਫੜ ਲਿਆ ਸੂ ਕੰਮ ਵਗਾਰਾਂ ਢੋਣ ਦਾ।
ਸੁਣ ਲਏ ਮੈਂ ਸਭਨਿ ਹੋਰੇ ਸੁਣ ਲਏ,
ਲਗ ਗਿਆ ਹੈ ਠੀਕ ਸੂਆ ਸੌਣ ਦਾ।

ਮਾਰ ਗਈ ਏ ਮੈਨੂੰ ਮੇਰੀ ਸਫਲਤਾ,
ਮੈਂ ਨਹੀਂ ਆਦੀ ਸਾਂ ਮਨ ਤੜਪੌਣ ਦਾ।
ਲੋਕ ਕਹਿੰਦੇ ਨੇ ਮੁਸਾਫ਼ਰ ਸੁਣਨ ਉੱਚੀ ਲਗ ਪਿਐ,
ਮੈਂ ਬਹਾਨਾ ਭਾਲਿਆ ਭੋਰਾ ਕੁ ਨੇੜੇ ਹੋਣ ਦਾ।



# ਕਲਗੀਧਰ

ਕਲ੍ਹ ਦੀਆਂ ਘੜੀਆਂ ਨੂੰ ਮੈਂ,
ਅੱਜ ਵਿਚ ਲਿਆਵਾਂ ਕਿਸ ਤਰ੍ਹਾਂ?
ਵੀਹਵੀਂ ਸਦੀ ਤੋਂ ਪਰਤ ਕੇ,
ਪਿੱਛੇ ਨੂੰ ਜਾਵਾਂ ਕਿਸ ਤਰ੍ਹਾਂ?
ਸੌਦਾ-ਗਰਾਂ ਨੂੰ ਇਸ਼ਕ ਦੀ,
ਮੁਰਲੀ ਸੁਣਾਵਾਂ ਕਿਸ ਤਰ੍ਹਾਂ?
ਉਸ ਸਾਜ਼ 'ਤੇ ਇਸ ਰਾਗ ਦੇ,
ਨਗ਼ਮੇਂ ਨੂੰ ਗਾਵਾਂ ਕਿਸ ਤਰ੍ਹਾਂ?

ਗੁਜ਼ਰੀ ਘੜੀ ਬੇਸ਼ੱਕ ਪਿੱਛੇ,
ਪਰਤ ਕੇ ਨਹੀਂ ਆਉਂਦੀ।
ਗੁਜ਼ਰੇ ਸਮੇਂ ਦੀ ਯਾਦ ਪਰ,
ਦਿਲ ਤੋਂ ਨਾ ਮੇਟੀ ਜਾਉਂਦੀ।

ਯਾਦ ਸਚ-ਮੁੱਚ ਯਾਦ ਹੈ;
ਹੋਵੇ ਕਿਸੇ ਵੀ ਦੌਰ ਦੀ:
ਦਿਲ ਦਿਆਂ ਪੰਨਿਆਂ ਉੱਤੇ,
ਉੱਕਰੀ ਗਈ ਜੋ ਜ਼ੋਰ ਦੀ।
ਉਸ ਨੂੰ ਸਮਾਂ ਨਹੀਂ ਛੋੜਦਾ,
ਉਹ ਸਮੇਂ ਨੂੰ ਨਹੀਂ ਛੋੜਦੀ।
ਕਿਸੇ ਨੇ ਭੁਲਾਈ ਹੈ ਕਥਾ,
ਸਿਰਹੰਦ ਦੀ, ਚਮਕੌਰ ਦੀ?
ਆਪਣਾ ਹੈ ਹਿਰਦਾ ਬੋਲਦਾ,
ਆਵਾਜ਼ ਨਹੀਂ ਹੈ ਹੋਰ ਦੀ।


ਸਦੀਆਂ ਸਾਲਾਂ ਦੀ ਵਿੱਥ,
ਬੇਸ਼ੱਕ ਪਰਦੇ ਪਾਉਂਦੀ।
ਯਾਦ ਪਰ ਮਜਬੂਰ ਹੈ,
ਟੁੰਬ ਟੁੰਬ ਕੇ ਚੇਤੇ ਆਉਂਦੀ।

ਦਿਲ ਦੀਆਂ ਨੁੱਕਰਾਂ ਨੂੰ ਡੂੰਘਾ,
ਜਦ ਕਦੇ ਵੀ ਫੋਲਿਆ।
ਮਨ ਦੀਆਂ ਸੱਧਰਾਂ ਨੂੰ ਮਨ ਵਿਚ,
ਜਦ ਕਦੇ ਵੀ ਤੋਲਿਆ।
ਆਪਣਾ ਇੰਹ ਅੰਦਰਲਾ, ਹਾਂ -
ਜਦ ਕਦੇ ਵੀ ਬੋਲਿਆ।
ਪ੍ਰੀਖਿਆ ਦਾ ਖ਼ਿਆਲ ਵੀ,
ਕਰ ਕਰ ਕੇ ਡਰਿਆ, ਡੋਲਿਆ।

ਵੱਖਰਾ ਮੰਦਰ ਹੈ ਇਹ,
ਇਸ ਦੀ ਅਬਾਦਤ ਵੱਖਰੀ।
ਵੱਖਰਾ ਮਰਨਾ ਹੈ ਇਹ,
ਇਹ ਹੈ ਸ਼ਹਾਦਤ ਵੱਖਰੀ।

ਮੁਰਦੀਆਂ ਕੌਮਾਂ ਦੇ ਵਿਚ,
ਚਿ, ਜਾਨ ਪਾਵਣ ਵਾਲਿਆ!
ਵਿਤਕਰੇ ਸੱਭ ਮੇਟ ਕੇ
ਅੰਮ੍ਰਿਤ ਪਿਆਵਣ ਵਾਲਿਆ!
ਜਬਰਾਂ ਦੇ ਉੱਸਰੇ ਮਹਿਲ,
ਦੇ ਸਰਬੰਸ ਢਾਵਣ ਵਾਲਿਆ!
ਦੁਨੀਆਂ ਨੂੰ ਆਪਾ-ਵਾਰਦਾ,
ਰਸਤਾ ਵਖਾਵਣ ਵਾਲਿਆ!

ਮੂੰਹ-ਜ਼ਬਾਨੀ ਤਾਂ ਬੇਸ਼ੱਕ,
ਤੇਰਾ ਹੀ ਜੱਸ ਹਾਂ ਗਾਉਂਦੇ।
ਰਸਤਾ ਮਗਰ ਫੜਦੇ ਨਹੀਂ,
ਹਾਂ ਪਛੜਦੇ ਹੀ ਜਾਉਂਦੇ।



# ਊਧਮ ਸਿੰਘ

ਮੌਤ ਦੇ ਅਧਿਕਾਰ 'ਚੋਂ ਜੀਵਨ ਦਾ ਚਾਨਣ ਭਾਲਿਆ।
ਜ਼ਿੰਦਗੀ ਨੂੰ ਵਾਰ ਕੇ ਉਸ ਰਾਜ਼ ਜ਼ਿੰਦਗੀ ਪਾ ਲਿਆ।
ਸਾੜ ਕੇ ਦੂਜੇ ਦੇ ਘਰ ਨੂੰ ਸੇਕਣੀ ਸੌਖੀ ਹੈ ਅੱਗ,
ਆਪਣੇ ਲੱਗੀ ਤਾਂ ਆਖਣ - ਕਿਉਂ ਇਹ ਭਾਂਬੜ ਬਾਲਿਆ।
ਬੇਗੁਨਾਹ ਦਾ ਖ਼ੂਨ ਪੀ ਕੇ ਔਡਵਾਇਰ ਨੱਸਿਆ,
ਸੇਧ ਰਖ ਕੇ ਸੂਰਮੇ ਨੇ ਬੰਨ੍ਹ ਨਿਸ਼ਾਨਾ ਢਾਹ ਲਿਆ।
ਪਿਆਰ ਸ਼ਾਂਤੀ ਨਾਲ ਸੀ ਗਾਂਧੀ ਨੇ ਸਮਝਾਇਆ ਬੜਾ,
ਜੋ ਉਸ ਤਰ੍ਹਾਂ ਨਾ ਸਮਝਿਆ, ਉਹ ਇਸ ਤਰ੍ਹਾਂ ਸਮਝਾ ਲਿਆ।
ਸਾਲਾਂ-ਬੱਧੀ ਅੱਗ ਨੂੰ ਸੀਨੇ ਦੇ ਅੰਦਰ ਸਾਂਭਣਾ,
ਜਿਗਰਾ ਹੈ ਊਧਮ ਸਿੰਘ ਦਾ, ਸਿਦਕੀ ਪ੍ਰਣ ਨੂੰ ਪਾਲਿਆ।
ਦੇਸ਼ਭਗਤੀ ਦਾ ਨਸ਼ਾ ਸੀ ਮਸਤ ਹੋ ਫਿਰਦਾ ਰਿਹਾ
ਫਿਰਦੇ-ਫਿਰਦੇ ਪੀ ਲਿਆ, ਬਸ ਫਿਰਦੇ ਫਿਰਦੇ ਖਾ ਲਿਆ।
ਜਿੱਥੇ ਵੀ ਮਿਲ ਪਏ ਚਾਰ ਬੰਦੇ ਹਮ-ਖ਼ਿਆਲ,
ਦੇਸ਼ ਦਾ ਓਥੇ ਤਰਾਨਾ ਗਾ ਲਿਆ।
ਡੋਲ੍ਹਿਆ ਜਿਸ ਸਾਡੇ ਘਰ ਵਿਚ ਸਾਡਾ ਲਹੂ,
ਉਸ ਤੋਂ ਬਦਲਾ ਉਸ ਦੇ ਘਰ ਵਿਚ ਜਾ ਲਿਆ।

